**Series BVM**

**SET-4**

ਕੋਡ ਨੰ. **223**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **25** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **7** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **25** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਸਮਾਜਸ਼ਾਸਤ੍ਰ

## (ਪੰਜਾਬੀ ਉਲਥਾ)

# SOCIOLOGY

## (Punjabi Version)

*ਸਮਾਂ ਸੀਮਾਂ : 3 ਘੰਟੇ* *ਪੂਰਨ ਅੰਕ : 80*

*Time allowed : 3 hours* *Maximum Marks : 80*

***ਵਿਆਪਕ ਨਿਰਦੇਸ਼ :***

*(i)* *ਪ੍ਰਸ਼ਨਾਂ ਦੀ ਕੁਲ ਸੰਖਿਆ* ***25*** *ਹੈ ।*

*(ii)* ***ਸਾਰੇ*** *ਪ੍ਰਸ਼ਨ* ***ਜ਼ਰੂਰੀ*** *ਹਨ ।*

*(iii)* *ਪ੍ਰਸ਼ਨ ਸੰਖਿਆ* ***1 – 14*** *ਤਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***2*** *ਅੰਕ ਹਨ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ* ***30*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ।*

*(iv)* *ਪ੍ਰਸ਼ਨ ਸੰਖਿਆ* ***15 – 21*** *ਤਕ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***4*** *ਅੰਕ ਹਨ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ* ***80*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ।*

*(v)* *ਪ੍ਰਸ਼ਨ ਸੰਖਿਆ* ***22 – 25*** *ਤਕ ਬਹੁਤ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***6*** *ਅੰਕ ਹਨ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ* ***200*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ । ਪ੍ਰਸ਼ਨ ਸੰਖਿਆ* ***25*** *ਦਾ ਉੱਤਰ ਦਿੱਤੇ ਹੋਏ ਪੈਰੇ ਦੇ ਆਧਾਰ ਤੇ ਦੇਣਾ ਹੈ ।*

## ਖੰਡ ਅ

**1.** ਸਮਾਜ ਤੋਂ ਛੇਕਣ ਕੀ ਹੈ ? *2*

**2.** ਐਡਮ ਸਮਿੱਥ ਦੇ ਅਨੁਸਾਰ ਅਦ੍ਰਿਸ਼ ਹੱਥ ਦਾ ਕੀ ਮਤਲਬ ਹੈ ? *2*

**3.** ਵੱਧਦਾ ਹੋਇਆ ਪਰ–ਸੇਵਾ ਅਧੀਨਤਾ ਅਨੁਪਾਤ ਕਿਸ ਵਜ੍ਹਾ ਕਰਕੇ ਉਹਨਾਂ ਦੇਸਾਂ ਦੀ ਚਿੰਤਾ ਦਾ ਕਾਰਨ ਬਣ ਜਾਂਦਾ ਹੈ ਜਿਥੇ ਜਨਸੰਖਿਆ ਅਨੁਪਾਤ ਵਿਚ ਵੱਡੀ ਉਮਰ ਦੇ ਲੋਕਾਂ ਦੀ ਗਿਣਤੀ ਵੱਧ ਹੁੰਦੀ ਹੈ ? *2*

**ਜਾਂ**

ਭਾਰਤ ਦੇ ਵਿਭਿੰਨ ਰਾਜਾਂ ਵਿਚ ਮਿਲਣ ਵਾਲੇ ਵਿਭਿੰਨ ਸਥਾਨਾਂਤਰਨ ਪੱਧਰਾਂ ਦੇ ਕਾਰਨਾਂ ਦੀ ਪਹਿਚਾਣ ਕਰੋ । *2*

4. ਰਾਜਨੀਤਕ ਖੇਤਰ ਵਿਚ ਹਿੱਤ ਸਮੂਹ ਕਿਵੇਂ ਕੰਮ ਕਰਦੇ ਹਨ ? *2*

5. ਭਾਰਤੀ ਭਾਸ਼ਾ ਵਿਚ ਛਪਣ ਵਾਲੇ ਸਮਾਚਾਰ ਪਤਰਾਂ ਦੇ ਵਾਧੇ ਦੇ ਕੀ ਕਾਰਨ ਹਨ ? *2*

6. ਕੋਈ ਦੋ ਮਹਿਲਾ ਸੰਗਠਨਾਂ ਦੇ ਨਾਂ ਲਿਖੋ । *1+1=2*

7. ਸਾਡੀਆਂ ਬਹੁਤ ਸਾਰੀਆਂ ਸੰਸਕ੍ਰਿਤਕ ਪ੍ਰਥਾਵਾਂ ਅਤੇ ਢਾਂਚੇ ਕਿਸ ਪ੍ਰਕਾਰ ਖੇਤੀ ਬਾੜੀ ਪਿੱਠ ਭੂਮੀ ਨਾਲ ਸੰਬੰਧਿਤ ਹੁੰਦੇ ਹਨ ? *2*

**ਜਾਂ**

ਕੇਰਲ ਦੀ ਮਿਸ਼ਰਿਤ ਅਰਥ–ਵਿਵਸਥਾ ਦੇ ਪਿਛੇ ਕਿਹੜੇ ਕਾਰਕ ਹਨ ? *2*

8. ਸੰਸਕ੍ਰਿਤਕ ਵਿਵਿਧਤਾ ਹੋਣ ਕਾਰਨ ਕਿਸ ਪ੍ਰਕਾਰ ਕਠਿਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ? *2*

**ਜਾਂ**

ਅਲਪ ਸੰਖਿਅਕ ਵਰਗ ਰਾਜਨੀਤਕ ਰੂਪ ਵਿਚ ਕਮਜ਼ੋਰ ਕਿਵੇਂ ਹਨ ? *2*

9. ਮਾਸ ਮੀਡੀਆ ਲੋਕਤੰਤਰ ਦੀ ਨਿਗਰਾਨੀ ਦੇ ਰੂਪ ਵਿਚ ਕਿਵੇਂ ਕੰਮ ਕਰਦਾ ਹੈ ? *2*

10. 1970 ਦੇ ਦਹਾਕੇ ਵਿਚ ਕਿਸਾਨਾਂ ਦੇ 'ਨਵੇਂ' ਅੰਦੋਲਨਾ ਨੂੰ ਕਿਹੜੇ ਉਦੇਸ਼ਾ ਨਾਲ ਸ਼ੁਰੂ ਕੀਤਾ ਗਿਆ ਸੀ ? *2*

11. ਸੰਸਕ੍ਰਿਤੀਕਰਨ ਸਮਾਜਕ ਪਰਿਵਰਤਨ ਦੀ ਪਰਕਿਰਿਆ ਕਿਵੇਂ ਹੈ ? *2*

**ਜਾਂ**

ਸਮਾਜ ਸ਼ਾਸਤਰੀ ਸਤੀਸ਼ ਸਬਰਵਾਲ ਰਾਹੀਂ ਦਸੇ ਗਏ ਉਦਾਰਵਾਦ ਅਤੇ ਸੁਤੰਤਰਤਾ ਦੇ ਨਵੇਂ ਵਿਚਾਰ ਜਿਹੜੇ ਉਪਨਿਵੇਸ਼ਕ ਕਾਲ ਦੇ ਭਾਰਤ ਵਿਚ ਆਏ, ਉਹਨਾਂ ਨੂੰ ਪਹਿਚਾਣ ਕੇ ਲਿਖੋ । *2*

**12.** ਏ.ਆਈ.ਟੀ.ਯੂ.ਸੀ. (AITUC) ਦੇ ਗਠਨ ਨੇ ਕਿਵੇਂ ਉਪਨਿਵੇਸ਼ਕ ਸਰਕਾਰ ਨੂੰ ਮਜ਼ਦੂਰਾਂ ਨਾਲ ਨਿਬਣਨ ਲਈ ਵਧੇਰੇ ਚੌਕਸ ਬਣਾ ਦਿਤਾ ਹੈ ? *2*

**13.** "ਮਾਸ ਮੀਡੀਆ ਸਾਡੇ ਦੈਨਿਕ ਜੀਵਨ ਦਾ ਇਕ ਹਿੱਸਾ ਹੈ ।" ਇਸ ਕਥਨ ਦੇ ਸਮਰਥਨ ਵਿਚ ਦੋ ਉਦਾਹਰਨ ਦਿਓ । *2*

**14.** ਅੰਗਰੇਜ਼ੀ ਭਾਸ਼ਾ ਨੇ ਸਾਡੇ ਸਮਾਜ ਨੂੰ ਕਿਸ ਪ੍ਰਕਾਰ ਪ੍ਰਭਾਵਿਤ ਕੀਤਾ ਹੈ ? *2*

**ਜਾਂ**

ਪੂੰਜੀਵਾਦ ਦੇ ਆਉਣ ਤੋਂ ਪਹਿਲਾਂ ਦੇ ਸਾਮਰਾਜ ਅਤੇ ਪੂੰਜੀਵਾਦੀ ਦੌਰ ਦੇ ਸ਼ਾਸਨ ਵਿਚ ਬਹੁਤ ਵੱਡਾ ਅੰਤਰ ਹੈ । ਕਾਰਨ ਦਸੋ । *2*

## ਖੰਡ ਬ

**15.** ਲਿੰਗ, ਖੇਤਰਾਂ ਅਤੇ ਸਮਾਜਕ ਸਮੂਹਾਂ ਵਿਚ ਸਅੱਖਰਤਾ ਬਹੁਤ ਭਿੰਨ ਹੁੰਦੀ ਹੈ । ਸਮਝਾਓ । *4*

**16.** ਸਮਾਜ ਸ਼ਾਸਤਰੀ ਬਜ਼ਾਰ ਨੂੰ ਇਕ ਸਮਾਜਕ ਸੰਸਥਾ ਦੇ ਰੂਪ ਵਿਚ ਕਿਵੇਂ ਦੇਖਦੇ ਹਨ ? *4*

**ਜਾਂ**

ਭਾਰਤ ਵਿਚ ਉਪਨਿਵੇਸ਼ਵਾਦ ਦੇ ਆਗਮਨ ਨਾਲ ਅਰਥ-ਵਿਵਸਥਾ ਵਿਚ ਇਕ ਵੱਡੀ ਉਥਲ-ਪੁਥਲ ਕਿਸ ਪ੍ਰਕਾਰ ਆਈ ? *4*

**17.** ਇੰਡੀਅਨ ਨੈਸ਼ਨਲ ਕਾਂਗਰਸ ਦੀ ਕਰਾਚੀ ਬੈਠਕ ਦੇ ਐਲਾਨਾਂ ਨੇ ਔਰਤਾਂ ਦੀ ਸਮਾਨਤਾ ਦੇ ਲਈ ਉਹਨਾਂ ਨੂੰ ਕਿਸ ਤਰ੍ਹਾਂ ਪ੍ਰਤੀਬੱਧ ਕੀਤਾ ? *4*

**ਜਾਂ**

ਅਛੂਤਤਾ ਜਾਤੀ ਵਿਵਸਥਾ ਦਾ ਇਕ ਚਰਮ ਅਤੇ ਦੋਸ਼ਪੂਰਨ ਦੁਸ਼-ਪਰਣਾਮ ਹੈ । ਅਛੂਤਤਾ ਦੇ ਵੱਖ ਵੱਖ ਪਾਸਾਰਾਂ ਦੀ ਵਿਆਖਿਆ ਕਰੋ । *4*

**18.** ਸੰਵਿਧਾਨ ਵਿਚ ਪੰਚਾਇਤੀ ਰਾਜ ਨੂੰ ਸ਼ਾਮਲ ਕਰਨ ਲਈ ਡਾ. ਅੰਬੇਡਕਰ ਅਤੇ ਮਹਾਤਮਾ ਗਾਂਧੀ ਵਲੋਂ ਦਿੱਤੇ ਗਏ ਤਰਕਾਂ ਦੀ ਜਾਂਚ ਕਰੋ । *4*

**19.** ਉੱਦਯੋਗੀਕਰਨ ਅਤੇ ਨਗਰੀਕਰਣ ਇਕ ਦੂਜੇ ਨਾਲ ਜੁੜੀਆਂ ਹੋਈਆਂ ਪਰਕਿਰਿਆਵਾਂ ਹਨ । ਵਿਵੇਚਨ ਕਰੋ । *4*

**20.** "19ਵੀਂ ਸਦੀ ਵਿਚ ਕੀਤੇ ਗਏ ਸਮਾਜਕ ਸੁਧਾਰਾਂ ਵਿਚ ਆਧੁਨਿਕ ਸੰਬੰਧ ਅਤੇ ਵਿਚਾਰਾਂ ਨੂੰ ਮਿਲਾਉਣ ਦਾ ਜਤਨ ਕੀਤਾ ਗਿਆ ਸੀ ।" ਦਿੱਤੇ ਹੋਏ ਕਥਨ ਦੀ ਵਿਆਖਿਆ ਕਰੋ । *4*

**ਜਾਂ**

ਸਮਾਜ ਸ਼ਾਸਤਰੀਆਂ ਨੇ ਆਧੁਨੀਕੀਕਰਨ ਦੇ ਗਠਨ ਨੂੰ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ । ਵਿਸਤਾਰ ਨਾਲ ਲਿਖੋ । *4*

**21.** ਭੂਮੀ ਹੱਦਬੰਦੀ ਅਧਿਨਿਯਮ ਦੇ ਲਾਗੂ ਕਰਨ ਦੇ ਰਾਹ ਵਿਚ ਦੇਖੀਆਂ ਗਈਆਂ ਖ਼ਾਮੀਆਂ ਦਾ ਉਲੇਖ ਕਰੋ । *4*

## ਖੰਡ ਸ

**22.** ਤੁਹਾਡੀ ਰਾਏ ਵਿਚ ਰਾਜਾਂ ਦੇ ਭਾਸ਼ਾਈ ਪੁਨਰਗਠਨ ਨੇ ਭਾਰਤ ਦੀ ਏਕਤਾ ਨੂੰ ਵਧਾਇਆ ਜਾਂ ਨੁਕਸਾਨ ਪਹੁੰਚਾਇਆ ? *6*

**ਜਾਂ**

ਸਭਯ ਸਮਾਜ ਰਾਜ ਨੂੰ ਦੇਸ਼ ਅਤੇ ਉਸਦੇ ਲੋਕਾਂ ਦੇ ਲਈ ਉੱਤਰਦਾਈ ਬਣਾਉਂਦਾ ਹੈ । ਆਰ.ਟੀ.ਆਈ. ਅਧਿਨਿਯਮ ਦੇ ਸੰਦਰਭ ਵਿਚ ਵਿਆਖਿਆ ਕਰੋ । *6*

**23.** ਉਪਨਿਵੇਸ਼ਕ ਕਾਲ ਦੇ ਦੌਰਾਨ ਜਾਤੀ ਸੰਸਥਾ ਵਿਚ ਬਹੁਤ ਖਾਸ ਪਰਿਵਰਤਨ ਆਏ । ਵਿਆਖਿਆ ਕਰੋ । *6*

**ਜਾਂ**

ਕੀ ਤੁਹਾਨੂੰ ਲਗਦਾ ਹੈ ਕਿ ਜਨਜਾਤੀ ਆਦਿਮ ਸਮੁਦਾਏ ਹਨ ਜੋ ਸਭਿਅਤਾ ਦੀ ਛੇੜਛਾੜ ਤੋਂ ਅਲੱਗ ਇਕਾਕੀ ਜੀਵਨ ਜਿਉਂਦੇ ਹਨ ? ਵਿਵੇਚਨਾ ਕਰੋ । *6*

**24.** ਭੂਮੰਡਲੀਕਰਨ ਅਤੇ ਮਜ਼ਦੂਰੀ ਦੇ ਨਵੇਂ ਅੰਤਰਰਾਸ਼ਟਰੀ ਵਿਭਾਜਨ ਦੇ ਪ੍ਰਭਾਵ ਦੀ ਉਦਾਹਰਣ ਸਹਿਤ ਵਿਆਖਿਆ ਕਰੋ । *6*

**ਜਾਂ**

ਭੂਮੰਡਲੀਕਰਨ ਨੇ ਸੰਸਕ੍ਰਿਤੀ ਨੂੰ ਬਹੁਤ ਸਾਰੇ ਤਰੀਕਿਆਂ ਨਾਲ ਪ੍ਰਭਾਵਿਤ ਕੀਤਾ ਹੈ । ਵਿਸਤਾਰ ਨਾਲ ਸਮਝਾਓ । *6*

**25.** ਦਿੱਤੇ ਪੈਰੇ ਨੂੰ ਪੜ੍ਹੋ ਅਤੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ ।

*ਹਿੰਦ ਸਵਰਾਜ* 1924 ਵਿਚ ਗਾਂਧੀਜੀ ਮਸ਼ੀਨਾਂ ਦੇ ਬਾਰੇ ਵਿਚ : "ਮੈਂ ਮਸ਼ੀਨਾਂ ਦੇ ਪ੍ਰਤੀ ਪਾਗਲਪਨ ਦਾ ਵਿਰੋਧੀ ਹਾਂ, ਪਰ ਮਸ਼ੀਨਾਂ ਦਾ ਵਿਰੋਧੀ ਨਹੀਂ ਹਾਂ । ਮੈਂ ਉਸ ਸਨਕ ਦਾ ਵਿਰੋਧੀ ਹਾਂ ਜਿਹੜੇ ਮਜ਼ਦੂਰਾਂ ਨੂੰ ਘੱਟ ਕਰਦੀ ਹੈ । ਮਨੁੱਖ ਮਿਹਨਤ ਤੋਂ ਬਚਣ ਲਈ ਮਜ਼ਦੂਰਾਂ ਨੂੰ ਘੱਟ ਕਰਦੇ ਜਾਣਗੇ ਜਦ ਤਕ ਕਿ ਹਜ਼ਾਰਾਂ ਮਜ਼ਦੂਰਾਂ ਨੂੰ ਕੰਮ ਤੋਂ ਬਿਨਾ ਸੜਕਾਂ ਉਤੇ ਭੁੱਖ ਨਾਲ ਮਰਨ ਦੇ ਲਈ ਸੁੱਟ ਨਾ ਦਿਤਾ ਜਾਏ । ਮੈਂ ਵਕਤ ਅਤੇ ਮਜ਼ਦੂਰ ਦੋਹਾਂ ਨੂੰ ਬਚਾਉਣਾ ਚਾਹੁੰਦਾ ਹਾਂ, ਮਾਨਵਤਾ ਦੇ ਇਕ ਖੰਡ ਲਈ ਨਹੀਂ ਬਲਕਿ ਸਾਰੀ ਮਾਨਵਤਾ ਲਈ । ਮੈਂ ਸੰਪੱਤੀ ਨੂੰ ਕੁਝ ਹੱਥਾਂ ਵਿਚ ਇਕੱਤਰਿਤ ਨਹੀਂ ਹੋਣ ਦੇਣਾ ਚਾਹੁੰਦਾ, ਬਲਕਿ ਉਹਨੂੰ ਸਭ ਦੇ ਹੱਥਾਂ ਵਿਚ ਦੇਖਣਾ ਚਾਹੁੰਦਾ ਹਾਂ ।"

1934 : "ਇਕ ਰਾਸ਼ਟਰ ਦੇ ਰੂਪ ਵਿਚ ਜਦੋਂ ਅਸੀਂ ਚਰਖੇ ਨੂੰ ਅਪਣਾਉਂਦੇ ਹਾਂ ਤਾਂ ਅਸੀਂ ਨਾ ਕੇਵਲ ਬੇਰੋਜ਼ਗਾਰੀ ਦੀ ਸਮੱਸਿਆ ਦਾ ਸਮਾਧਾਨ ਕਰਦੇ ਹਾਂ ਬਲਕਿ ਇਹ ਵੀ ਘੋਸ਼ਣਾ ਕਰਦੇ ਹਾਂ ਕਿ ਸਾਡੀ ਕਿਸੇ ਵੀ ਰਾਸ਼ਟਰ ਨੂੰ ਸ਼ੋਸ਼ਣ ਕਰਨ ਦੀ ਇੱਛਾ ਨਹੀਂ ਹੈ, ਅਤੇ ਅਸੀਂ ਅਮੀਰਾਂ ਵਲੋਂ ਗ਼ਰੀਬਾਂ ਦੇ ਸ਼ੋਸ਼ਣ ਨੂੰ ਵੀ ਸਮਾਪਤ ਕਰਨਾ ਚਾਹੁੰਦੇ ਹਾਂ ।"

(a) ਉਦਾਹਰਣ ਰਾਹੀਂ ਦਸੋ ਕਿ ਮਸ਼ੀਨਰੀ ਮਜ਼ਦੂਰਾਂ ਲਈ ਕਿਸ ਤਰ੍ਹਾਂ ਦੀ ਸਮੱਸਿਆ ਉਤਪੰਨ ਕਰਦੀ ਹੈ । *2*

(b) ਗਾਂਧੀਜੀ ਦੇ ਮਨ ਵਿਚ ਬਦਲਾਓ ਦੇ ਬਾਰੇ ਕੀ ਵਿਚਾਰ ਸਨ ? ਚਰਖੇ ਨੂੰ ਅਪਨਾਉਣ ਨਾਲ ਸ਼ੋਸ਼ਣ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ? *4*